# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ:), ਪੰਜਾਬ, ਐਸ.ਏ.ਐਸ ਨਗਰ

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) (ਨੋਟਿਸ ਬੋਰਡ ਰਾਹੀਂ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) (ਨੋਟਿਸ ਬੋਰਡ)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ. 9/1-2018 ਬਜਟ(4)/1655-1698 ਮਿਤੀ :- 04.04.2018

**ਵਿਸ਼ਾ :- ਸਕੂਲ ਵਿੱਚ ਬਿਜਲੀ ਦੇ ਮੀਟਰ ਪਿੰਡ ਦੀ ਪੰਚਾਇਤ ਦੇ ਨਾਮ ਕਰਵਾਉਣ ਸਬੰਧੀ।**

1) ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2) ਸਮੇਂ ਸਮੇਂ ਤੇ ਸਕੂਲ ਮੁਖੀਆਂ ਵਲੋਂ ਬਾਰ ਬਾਰ ਹੈੱਡ ਆਫਿਸ ਦੇ ਧਿਆਨ ਵਿੱਚ ਲਿਆਂਦਾਂ ਜਾਂਦਾ ਹੈ ਕਿ ਸਕੂਲਾਂ ਵਿੱਚ ਬਿਜਲੀ ਦੇ ਬਿਲ ਪੈਡਿੰਗ ਪਏ ਹਨ ਅਤੇ ਜਿਸ ਦਾ ਮੁੱਖ ਕਾਰਨ ਸਕੂਲਾਂ ਵਿੱਚ ਵਿਭਾਗ ਵੱਲੋਂ ਵੱਖਰੇ ਤੌਰ ਤੇ ਬਿਜਲੀ ਦੇ ਬਿਲ ਦਾ ਵੱਖਰੇ ਤੌਰ ਤੇ ਕੋਈ ਗ੍ਰਾਂਟ/ਫੰਡ ਦਾ ਉਪਲੱਬਧ ਨ ਹੋਣਾ ਹੈ। ਪਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤੋਂ ਉਤਸ਼ਾਹਿਤ ਹੋ ਕੇ ਬਹੁਤ ਸਾਰੀਆਂ ਪਿੰਡਾਂ ਦੀ ਪੰਚਾਇਤਾਂ ਸਕੂਲਾਂ ਦੇ ਬਿਜਲੀ ਦੇ ਬਿਲ ਭਰਣ ਲਈ ਤਿਆਰ ਹਨ ਪ੍ਰੰਤੂ ਬਿਜਲੀ ਦਾ ਮੀਟਰ ਪੰਚਾਇਤ ਦੇ ਨਾਮ ਨ ਹੋਣ ਕਾਰਣ, ਆਡਿਟ ਇਤਰਾਜ ਲੱਗ ਜਾਂਦੇ ਹਨ।

3) ਉਪਰੋਕਤ ਮਸਲੇ ਨੂੰ ਵਿਚਾਰਦੇ ਹੋਏ ਵਿਭਾਗ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜਿਹੜੀਆਂ ਪੰਚਾਇਤਾਂ, ਸਕੂਲ ਦੀ ਬਿਹਤਰੀ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਪਿੰਡ ਦੇ ਸਕੂਲ ਦਾ ਬਿਜਲੀ ਦਾ ਬਿਲ ਭਰਨਾ ਚਾਹੁੰਦੀਆ ਹਨ, ਉਹਨਾਂ ਸਕੂਲਾਂ ਦੇ ਮੀਟਰ ਸਕੂਲ ਮੁੱਖੀ, ਪੰਚਾਇਤ ਦੇ ਨਾਮ ਕਰਵਾ ਦੇਣ ਤਾਂ ਕਿ ਪੰਚਾਇਤਾਂ ਬਿਜਲੀ ਦਾ ਬਿਲ ਭਰ ਸਕਣ ਅਤੇ ਵਿਦਿਆਰਥੀ ਇਸ ਦਾ ਲਾਭ ਉਠਾ ਸਕਣ।

ਡੀ.ਪੀ.ਆਈ (ਸੈ.ਸਿੱ)
ਪੰਜਾਬ